Weekly

# CANADA SIKH TIMES

22 - 28 June 2024

ਕੈਨੇਡਾ ਸਿੱਖ ਟਾਈਮਜ਼

Volume 2 Issue 25

• RELIGION • CULTURE • HERITAGE • BUSINESS

## ਭਾਰਤੀ ਫੌਜ ਦੇ ਸਿੱਖ ਅਫ਼ਸਰ ਨੇ ਜਹਾਜ਼ ’ਚ ਬਿਮਾਰ ਯਾਤਰੀ ਦੀ ਬਚਾਈ ਜਾਨ



ਭਾਰਤੀ ਫੌਜ ਦੀਆਂ ਕਦਰਾਂ-ਕੀਮਤਾਂ ’ਤੇ ਕਾਇਮ ਅਤੇ ਸਿੱਖੀ ਸਿਦਕ ਦੇ ਪੱਕੇ ਮੇਜਰ ਸਿਮਰਤ ਰਾਜਦੀਪ ਸਿੰਘ ਇੱਕ ਨੌਜਵਾਨ ਲਈ ਮਸੀਹਾ ਬਣ ਗਏ। ਉਹ ਗੋਆ ਤੋਂ ਚੰਡੀਗੜ੍ਹ ਜਾ ਰਹੀ ਫਲਾਈਟ 6E724 ਵਿੱਚ ਸਫ਼ਰ ਕਰ ਰਹੇ ਸਨ ਕਿ ਅਚਾਨਕ ਉਸੇ ਫਲਾਈਟ ’ਚ ਸਫ਼ਰ ਕਰ ਰਹੇ ਇਕ 27 ਸਾਲਾ ਨੌਜੁਆਨ ਦੀ ਸਿਹਤ ਇਕਦਮ ਬਿਗੜ ਗਈ। ਨੌਜੁਆਨ ਦੀ ਜਾਨ ਬਚਾਉਣ ਲਈ ਰਾਜਦੀਪ ਸਿੰਘ ਸਭ ਤੋਂ ਪਹਿਲਾਂ ਉਮੜੇ ਅਤੇ ਲੋੜੀਂਦਾ ਸਹਾਇਤਾ ਕੀਤੀ। ਉਪਰੰਤ ਇਕ ਪਲ ਵੀ ਨਾ ਗਵਾਉਂਦੇ ਹੋਏ ਰਾਜਦੀਪ ਸਿੰਘ ਨੇ ਮੁੰਬਈ ਵਿਖੇ ਐਮਰਜੈਂਸੀ ਲੈਂਡਿੰਗ ਕਰਵਾ ਕੇ ਨੌਜੁਆਨ ਦੀ ਜਾਨ ਬਚਾ ਲਈ। ਸਿੱਖ ਕੌਮ ਨੂੰ ਮਾਣ ਹੈ ਕਿ ਭਾਰਤੀ ਫੌਜ ਅਤੇ ਪੰਜਾਬ ਸਰਕਾਰ ਨੇ ਮੇਜਰ ਸਿੰਘ ਦੀ ਭਰਪੂਰ ਸ਼ਲਾਘਾ ਕੀਤੀ ਹੈ।

## Bhajan Kaur wins Gold to Earn Paris Quota




Bhajan Kaur secured a gold medal in the Final Olympic Qualifier by defeating Iran’s Mobina Fallah with a score of 6-2. This victory earned India its second quota spot for the Paris 2024 Olympics in archery. Kaur’s journey was marked by successive victories over competitors from Mongolia, Slovenia, Poland, and Moldova, showcasing her dominant performance throughout the tournament. These competitions serve as crucial preparation and learning opportunities as they aim to qualify and perform well at the upcoming Paris 2024 Olympics.

## ਬਾਈਡਨ ਦੀ ਨਵੀਂ ਯੋਜਨਾ ਨਾਲ ਆਖਰਕਾਰ 5 ਲੱਖ ਪ੍ਰਵਾਸੀਆਂ ਨੂੰ ਮਿਲ ਸਕਦੀ ਹੈ ਅਮਰੀਕੀ ਨਾਗਰਿਕਤਾ

ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਚੋਣ ਸਾਲ ’ਚ ਇਕ ਵੱਡਾ ਕਦਮ ਚੁੱਕ ਰਹੇ ਹਨ, ਜਿਸ ਨਾਲ ਦੇਸ਼ ’ਚ ਹੁਣ ਤਕ ਬਿਨਾਂ ਕਾਨੂੰਨੀ ਦਰਜੇ ਦੇ ਰਹਿ ਰਹੇ ਲੱਖਾਂ ਪ੍ਰਵਾਸੀਆਂ ਨੂੰ ਰਾਹਤ ਮਿਲ ਸਕਦੀ ਹੈ ਅਤੇ ਉਨ੍ਹਾਂ ਨੂੰ ਅਮਰੀਕੀ ਨਾਗਰਿਕਤਾ ਮਿਲ ਸਕਦੀ ਹੈ। ਇਸ ਕਦਮ ਨੂੰ ਇਸ ਮਹੀਨੇ ਦੇ ਸ਼ੁਰੂ ’ਚ ਸਰਹੱਦ ’ਤੇ ਉਨ੍ਹਾਂ ਵਲੋਂ ਅਪਣਾਈ ਗਈ ਹਮਲਾਵਰ ਨੀਤੀ ਨੂੰ ਸੰਤੁਲਿਤ ਕਰਨ ਦੀ ਕੋਸ਼ਿਸ਼ ਵਜੋਂ ਵੇਖਿਆ ਜਾ ਰਿਹਾ ਹੈ। ਉਨ੍ਹਾਂ ਦੇ ਹਮਲਾਵਰ ਰੁਖ ਨੇ ਕਈ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਨੂੰ ਨਾਰਾਜ਼ ਕਰ ਦਿਤਾ ਸੀ।




ਵਾਈਟ ਹਾਊਸ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਬਾਈਡਨ ਪ੍ਰਸ਼ਾਸਨ ਆਉਣ ਵਾਲੇ ਮਹੀਨਿਆਂ ਵਿਚ ਬਿਨਾਂ ਕਾਨੂੰਨੀ ਦਰਜੇ ਦੇ ਰਹਿ ਰਹੇ ਅਮਰੀਕੀ ਨਾਗਰਿਕਾਂ ਦੇ ਕੁੱਝ ਜੀਵਨ ਸਾਥੀਆਂ ਨੂੰ ਸਥਾਈ ਨਿਵਾਸ ਅਤੇ ਆਖਰਕਾਰ ਨਾਗਰਿਕਤਾ ਲਈ ਅਰਜ਼ੀ ਦੇਣ ਦੀ ਇਜਾਜ਼ਤ ਦੇਵੇਗਾ। ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਮੁਤਾਬਕ ਇਸ ਕਦਮ ਨਾਲ ਪੰਜ ਲੱਖ ਤੋਂ ਵੱਧ ਗੈਰ-ਪ੍ਰਵਾਸੀਆਂ ਨੂੰ ਲਾਭ ਹੋਣ ਦੀ ਸੰਭਾਵਨਾ ਹੈ। ਨਾਗਰਿਕਤਾ ਲਈ ਯੋਗ ਹੋਣ ਲਈ, ਇਕ ਪ੍ਰਵਾਸੀ ਨੂੰ ਘੱਟੋ-ਘੱਟ 10 ਸਾਲਾਂ ਲਈ ਅਮਰੀਕਾ ’ਚ ਰਹਿੰਦਾ ਹੋਣਾ ਚਾਹੀਦਾ ਹੈ ਅਤੇ ਕਿਸੇ ਅਮਰੀਕੀ ਨਾਗਰਿਕ ਨਾਲ ਵਿਆਹ ਹੋਣਾ ਚਾਹੀਦਾ ਹੈ। ਜੇ ਕਿਸੇ ਯੋਗ ਪ੍ਰਵਾਸੀ ਦੀ ਅਰਜ਼ੀ ਮਨਜ਼ੂਰ ਹੋ ਜਾਂਦੀ ਹੈ, ਤਾਂ ਉਸ ਕੋਲ ਗ੍ਰੀਨ ਕਾਰਡ ਲਈ ਅਰਜ਼ੀ ਦੇਣ, ਅਸਥਾਈ ਵਰਕ ਪਰਮਿਟ ਪ੍ਰਾਪਤ ਕਰਨ ਲਈ ਤਿੰਨ ਸਾਲ ਹੋਣਗੇ, ਇਸ ਦੌਰਾਨ, ਦੇਸ਼ ਨਿਕਾਲੇ ਤੋਂ ਸੁਰੱਖਿਆ ਮਿਲੇਗੀ।

ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਰਜ਼ੀ ਪ੍ਰਕਿਰਿਆ ਗਰਮੀਆਂ ਦੇ ਅੰਤ ਤਕ ਸ਼ੁਰੂ ਹੋ ਜਾਵੇਗੀ ਅਤੇ ਅਰਜ਼ੀ ਫੀਸ ਅਜੇ ਤੈਅ ਨਹੀਂ ਕੀਤੀ ਗਈ ਹੈ।

DESH VIDESH

# Gurcharan Singh Sekhon: A born leader - 2

Gurcharan was instrumental in the birth of combat engineering in the armed forces in Singapore. He was a pioneer of the combat engineers and he was a part of it until he left in 1984. He was also the first man from the first batch to command the Command Staff College as well as the first man to command the First Division from his batch. Gurcharan was one of three Sikh colonels in a group of only seven colonels in the armed forces – there were no generals at that point in time. Gurcharan was indeed able to make his mark in the uniformed group.

## Sports Leadership

Gurcharan's contributions, however, were not just limited to the SAF. Having played cricket, rugby and hockey at the highest level, he took it upon himself to give back in a meaningful way to these sports. Realising that these organisations were facing challenges since they were new, he felt that he could best make a difference by taking on leadership positions in these sports.

Gurcharan held the appointment of President of Singapore Rugby Association and Singapore Cricket Club. He was also the Vice President of the Singapore Hockey Association. His involvement in the sporting arena saw Gurcharan becoming a member of the Singapore Sports Council, an achievement which he is extremely proud of. Gurcharan's leadership traits, honed in the armed forces, played an important role in rejuvenating these organisations.

Gurcharan also played a pivotal role in the progress of the Sikh community. As the President of Singapore Khalsa Association (SKA), he was instrumental in raising its standard and range of activities for its members.

Being a senior and respected member of the Sikh community, Gurcharan was asked to take charge of building the Central Sikh Temple. It was no easy task for several reasons. Firstly, it was earmarked to be built in a new location and, therefore, required significant funding. Furthermore, as the location was in a residential area and on a small plot of land, Gurcharan and his team had to overcome many obstacles to build this temple. They succeeded admirably.

With the experience and knowledge gained from building the Central Sikh Temple, Gurcharan assisted



in the building of the Silat Road Sikh Temple in Jalan Bukit Merah. He remarked: "I did whatever I could for the building of our temples. This was my national service to the community and society."

Although Gurcharan is almost 80 years old today, he continues to lend his support to the Sikh community. He is currently a member of the SKA Board of Trustees.

For Gurcharan, the Sikhs in Singapore are a dynamic, hardworking and reliable group. He feels that they have excelled in everything they have set out to do. In the recent past, Sikhs have held many important positions in the fields of defence, medicine, academia, sports and education, among others. Sikh parents should continue to encourage their children to pursue careers in these fields.

As such, parents need to support them in making life's important decisions. At the same time, Gurcharan feels that we need to ensure that young Sikhs pick up the baton from the senior members and they continue to serve the community. Only when we serve can we fully appreciate the challenges we face and devise relevant platforms to address them so that the Sikh community continues to remain a progressive, cohesive and united group.

Gurcharan's career path was, in a way, chosen for him by his father some 50 years ago. However, it turned out to be a life-changing one for him. That single most important decision has allowed him to make important leadership contributions to the Sikh community and Singapore at the national level. It has also allowed him to leave a permanent mark in the armed forces and on Singapore's nationhood. ◆◆

HERITAGE

# ਗੁਰਦੁਆਰਾ ਲਾਇਪਾਸ਼ਿਗ ਜਰਮਨੀ ਵਿੱਖੇ ਸ਼ਹੀਦੀ ਪੁਰਬ ਨੂੰ ਸਮਰਪਤ ਸਮਾਗਮ





ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਅੱਜ 2 ਹਾੜ (16 ਜੂਨ) ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਪੂਰਵਕ ਸਮੂਹ ਸਾਧ ਸੰਗਤ ਇਲਾਕਾ ਗੁਰਦੁਆਰਾ ਲਾਇਪਸ਼ਿਗ ਜਰਮਨੀ ਵਿੱਖੇ ਮਨਾਇਆ ਗਿਆ। ਇਸ ਸਬੰਧੀ ਪਾਠ ਦਾ ਭੋਗ ਪੈਣ ਉਪਰੰਤ ਦੀਵਾਨ ਸਜਾਏ ਗਏ। ਜਿਸ ਵਿਚ ਕੀਰਤਨ ਸਿਖਲਾਈ ਪ੍ਰਾਪਤ ਕਰ ਰਹੇ ਬੱਚਿਆਂ ਤੇ ਭਾਈ ਭੁਪਿੰਦਰ ਸਿੰਘ ਨੇ ਸ਼ਬਦ ਕੀਰਤਨ ਕੀਤਾ। ਕਥਾਵਾਚਕ ਭਾਈ ਰਵਿੰਦਰ ਸਿੰਘ ਆਲਮਗੀਰ ਨੇ ਗੁਰਮਤਿ ਵਿਚਾਰ ਕਰਦਿਆਂ ਗੁਰ ਉਪਦੇਸ਼ ਕਮਾਉਣ ਲਈ ਪ੍ਰੇਰਤ ਕੀਤਾ ਅਤੇ ਆਖਿਆ ਕਿ ਇਹ ਸਮਾਗਮ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਸਮਰਪਿਤ ਹੈ। ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਆਓ ਇਸ ਸਮਾਗਮ ਵਿੱਚ ਕੌਮੀਅਤ ਫ਼ਰਜ਼ ਸਮਝ ਕੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਸਾਰੇ ਕਾਰਜ ਕਰਨ ਦਾ ਸੰਕਲਪ ਕਰੀਏ, ਇਹੋ ਸਮੂਹ ਸ਼ਹੀਦਾਂ ਨੂੰ ਸੱਚਾ ਪ੍ਰਣਾਮ ਹੋਵੇਗਾ ।ਇਸ ਸਮਾਗਮ ਦੀ ਸੇਵਾ ਗੁਰਜੀਤ ਸਿੰਘ ਰਾਜਾ ਸਮੂਹ ਪ੍ਰਵਾਰ ਵਲੋਂ ਕੀਤੀ ਗਈ। ਅੰਤ ਵਿਚ ਗੁਰੂ ਦਾ ਲੰਗਰ ਅਤੁੱਟ ਵਰਤਿਆ।

## ਫਰੈਂਕਫੋਰਟ ਵਿੱਚ ਮਨਾਇਆ ਸ਼ਹੀਦੀ ਦਿਹਾੜਾ

ਗੁਰਦੁਆਰਾ ਸਿੱਖ ਸੈਟਰ ਫਰੈਂਕਫੋਰਟ ਵਿੱਚ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਦੀਵਾਨ ਸਜਾਏ। ਵੱਖ-ਵੱਖ ਕੀਰਤਨੇ ਜਥਿਆਂ ਨੇ ਇਲਾਹੀ ਬਾਣੀ ਦੇ ਗਾਇਨ ਕੀਤੇ ਅਤੇ ਕੌਮ ਦੇ ਸਿਰਮੌਰ ਆਗੂਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਬਚਿਆਂ ਲਈ ਗੁਰਮਤਿ ਪ੍ਰਸ਼ਨੋਤਰੀ ਦੇ ਮੁਕਾਬਲੇ ਕਰਵਾਏ ਗਏ ਅਤੇ ਸਨਮਾਨ ਚਿੰਨ ਦੇ ਨਾਲ ਨਗਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।

# Indian Students Resume Hunger Strike in Canada over Immigration Rules




Indian students in Canada's Prince Edward Island have resumed their hunger strike, saying that was the only option left with them. Dozens of Indians face the risk of being deported from Canada after its province, Prince Edward Island (PEI) changed its immigration rules. The resumption of the hunger strike on June 18 came even as an immigration advisor recommended that the province in eastern Canada seek counsel from Manitoba, another province that houses huge numbers of immigrants, to find a solution.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਕਿਹੜੀਆਂ ਭਾਵਨਾਵਾਂ ਮਨੁੱਖੀ ਖੁਸ਼ੀਆਂ ਲਈ ਰੁਕਾਵਟਾਂ ਸਾਬਤ ਹੁੰਦੀਆਂ ਹਨ?**

a. ਈਰਖਾ　　b. ਦੁੱਖ
c. ਡਰ　　d. ਇਹ ਸਾਰੇ ਹੀ

**2. ਕਿਸ ਗੁਰੂ ਸਾਹਿਬਾਂ ਨੇ ਦਸਵੰਧ ਦੀ ਪ੍ਰਥਾ ਸ਼ੁਰੂ ਕੀਤੀ?**

a. ਗੁਰੂ ਨਾਨਕ ਦੇਵ ਜੀ　　b. ਗੁਰੂ ਅਮਰਦਾਸ ਜੀ
c. ਗੁਰੂ ਅਰਜਨ ਦੇਵ ਜੀ　　d. ਗੁਰੂ ਗੋਬਿੰਦ ਸਿੰਘ ਜੀ

**3. ਕਿਹੜਾ ਲੰਗਰ ਸਾਡੀ ਮਨ ਦੀ ਭੁਖ ਨੂੰ ਸ਼ਾਂਤ ਕਰ ਸਕਦਾ ਹੈ?**

a. ਪੂਰੀਆਂ ਦਾ　　b. ਰਾਜਮਾ-ਚੌਲ ਦਾ
c. ਗਿਆਨ ਦਾ　　d. ਮਿੱਠੇ ਪਕਵਾਨਾਂ ਦਾ

**4. ਗੁਰੂ ਅਰਜਨ ਸਾਹਿਬ ਜੀ ਦੀ ਰਹਿਨੁਮਾਈ ਹੇਠ "ਆਦਿ ਗ੍ਰੰਥ" ਲਿਖਣ ਦੀ ਸੇਵਾ ਕਿਸ ਸਿੱਖ ਨੇ ਨਿਭਾਈ?**

a. ਬਾਬਾ ਬੁੱਢਾ ਜੀ　　b. ਭਾਈ ਗੁਰਦਾਸ ਜੀ
c. ਭਾਈ ਕਲਿਆਣਾ ਜੀ　　d. ਭਾਈ ਮੰਝ ਜੀ

**5. ਗੁਰਬਾਣੀ ਵਿੱਚ 'ਤਰਨਾਪੋ' ਸ਼ਬਦ ਕਿਹੜੇ ਗੁਰੂ ਸਾਹਿਬ ਵਲੋਂ ਵਰਤਿਆ ਗਿਆ ਹੈ ਅਤੇ ਇਸਦਾ ਕੀ ਅਰਥ ਹੈ?**

a. ਪਹਿਲੀ ਪਾਤਸ਼ਾਹੀ, ਸੁੱਖ　　b. ਨੌਵੀਂ ਪਾਤਸ਼ਾਹੀ, ਜਵਾਨੀ
c. ਪੰਜਵੀਂ ਪਤਿਸ਼ਾਹੀ, ਟਿਕਾਣਾ　　d. ਨੌਵੀਂ ਪਾਤਸ਼ਾਹੀ, ਬੁਢੇਪਾ

(ਦੇਖੋ ਉੱਤਰ ਪੰਨਾ 4 'ਤੇ)

## CAREER COUNSELLING

# *Father's Day Celebration*



Narinder Pal Singh

1. **Who Is Father** - The first superhero of any child is FATHER. In the growing age of children, they need someone who can be their role model. Father is the best example of a superhero. If any child is in any trouble, the first person a child remembers is his father. This shows the importance of a father in anyone's life. Father plays a vital role in the development of the family. He is actually considered the head of the family. However, fathers and mothers have a special role to play in raising their children. Although a mother is gentle, the father shows courage and strength.
2. **Why Father's Day** - A father works tirelessly to support his family and educate his children. To give respect to this hard work, we celebrate Father's Day every year on the 3rd Sunday of June. On this day, we give respect and gratitude to our father. There are two major stories behind celebrating Father's Day.
3. **First Story** - Father's Day was celebrated in America on 19 June 1910 to honor the father of Miss Sonora Smart Dooh. Sanora's father William Smart was a civil war veteran. William Smart's wife died at the time of giving birth to his sixth child. He raised his six children alone. After William Smart passed away, his daughter Sanora believed that all of us always respect the mother's sacrifices & emotions but no one recognizes and understand the importance of a father's sacrifices. Thus, she started celebrating Father's Day on the death anniversary of her father (5th June). For some reasons, it was postponed to the third Sunday of June.
4. **Second Story** - Father's Day was celebrated for the first time in America in Fairmont, West Virginia. The day was celebrated for the first time on July 5, 1908. It was commemorated in memory of 361 men, who died in 1907 in a coal mine explosion. Father's Day was officially recognized as a national holiday in 1972 during President Nixon's reign. Since then, Father's Day is celebrated every year on the third Sunday of June.

## ਮਨ ਦੀ ਕਿਤਾਬ

ਗੁਰਕੀਰਤ ਸਿੰਘ ਭੁੱਲਰ



ਮਨ ਵਿਚ ਬਣੀ ਕਿਤਾਬ ਨੂੰ
ਕਿਤੇ ਇਕੱਲਿਆਂ ਬੈਕੇ ਪੜ੍ਹ,
ਦੂਜਿਆਂ ਨੂੰ ਪੜ੍ਹਨ ਦੀ ਬਜਾਏ
ਪਹਿਲਾਂ ਆਪਣੇ ਔਗਣਾ ਨਾਲ ਲੜ।

ਪੜ੍ਹਦੇ-ਪੜ੍ਹਦੇ ਪਹਿਲੀ ਆਵਾਜ਼ ਆਈ,
ਦੂਜਿਆਂ ਵੱਲ ਨਾ ਵੇਖ ਕੇ ਸੜ।
ਜਿਹੜਾ ਸਮਾਂ ਤੇਰੇ ਕੋਲ ਉਸਦਾ ਲੜ ਤੂੰ ਫੜ੍ਹ।

ਅਗਲੇ ਪੰਨੇ ਤੇ ਮਤਲਬੀ ਬੁਰਕਾ ਪਾਇਆ,
ਜੋ ਹੈ ਸਭ ਨਫ਼ਰਤ ਦੀ ਜੜ੍ਹ।
ਝੂਠ, ਫਰੇਬ ਸਭ ਇਥੇ ਰਹਿ ਜਾਣਾ,
ਇਕ ਵਾਰ ਸੱਚ ਦੇ ਨਾਲ ਤੂੰ ਖੜ੍ਹ।

ਹੁਣ ਆਪਣਾ ਆਪ ਤੂੰ ਖੋਜ ਕੇ
'ਕੀਰਤ' ਆਪਣੀ ਮੰਜ਼ਿਲ ਵੱਲ ਨੂੰ ਚੜ੍ਹ।
ਮੈਂ-ਮੈਂ ਵਿਚੋਂ ਨਿਕਲ ਕੇ ਪਹਿਲਾਂ,
ਸ਼ੈਤਾਨੀ ਮਨ ਨੂੰ ਜੀਵਨ ਵਿਚ ਘੜ੍ਹ।

◆◆◆◆◆


## SIKH MATRIMONIALS

Gursikh Amritdhari girl 30/5'3" /Masters USA/ Software Developer/San Francisco/Package USD 125000/ Contact +91 7428742265

Gursikh girl 28/5'7"/MBA/PGD NIAGARA COLLEGE, TORONTO/Working on Study Permit/ Contact+91 99888 76028

Gursikh Boy 29/5'9"/BBA/ Working with Scotia Bank/65K Canadian Dollars/Canadian Citizen/Father Businessman/ Contact +91 9213312313


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. C 3. C 4. B 5. B


Chief Editor: Dr. Harjinder Singh Editor: Dr. Davinder Singh Designer: Pavit Singh


Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)




email: canadasikhtimes@gmail.com, M: +1 437 673 7555